## ਪਾਠ 4
## ਮਾਇਕ੍ਰੋਸਾਫਟ ਐਕਸਲ (ਭਾਗ-2)

### ਪ੍ਰਸ਼ਨ :1 ਖਾਲੀ ਥਾਵਾਂ ਭਰੋ:

1. ਹਰੇਕ ਨਵੀਂ ਬਣਾਈ ਗਈ ਵਰਕਬੁੱਕ ਵਿੱਚ ਪਹਿਲਾਂ ਤੋਂ ਬਣੀਆਂ ___ ਵਰਕਸ਼ੀਟਾਂ ਸ਼ਾਮਿਲ ਹੁੰਦੀਆਂ ਹਨ।
   ੳ. 5 ਅ. 2 ੲ. 255 **ਸ. 3**
2. ਵਰਕਸ਼ੀਟ ਵਿੱਚ ਕਿਹੜੇ-ਕਿਹੜੇ ਆਬਜੈਕਟ ਸ਼ਾਮਿਲ ਕੀਤੇ ਜਾ ਸਕਦੇ ਹਨ?
   ੳ. ਸੈੱਲ (Cells) ਅ. ਚਾਰਟਸ (Charts) ੲ. ਰੋਅਜ਼ (Rows) **ਸ. ਉਪਰੋਕਤ ਸਾਰੇ**
3. ਇਹਨਾਂ ਵਿੱਚੋਂ ਕਿਹੜੀਆਂ ਐੱਮ. ਐੱਸ. ਐਕਸਲ ਕੀਆਂ ਸਹੀ ਟਾਈਪਸ ਹਨ।
   ੳ. ਬਾਰ (Bar), ਕਾਲਮ (Column), ਪਾਈ (Pie), ਲਾਇਨ (Line) ਅ. ਏਰੀਆ (Area), ਡੋਨਟ (Doughnut), ਸਕੈਟਰ (Scatter)
   ੲ. ਸਰਫੇਸ (Surface), ਰਡਾਰ (Radar), ਬਾਰ (Bar) **ਸ. ਉਪਰੋਕਤ ਸਾਰੇ**
4. ਕਿਸੇ ਦਿੱਤੀ ਗਈ ਰੇਂਜ ਵਿੱਚੋਂ ਸਭ ਤੋਂ ਛੋਟਾ ਨੰਬਰ ਪਤਾ ਕਰਨ ਲਈ ਕਿਹੜਾ ਫੰਕਸ਼ਨ ਵਰਤਿਆ ਜਾਂਦਾ ਹੈ।
   ੳ. AVERAGE ਅ. MIN **ੲ. MAX** ਸ. RANK
5. _____ ਐੱਮ. ਐੱਸ. ਐਕਸਲ ਵਿੱਚ ਲਿਖੇ ਡਾਟਾ ਦੀ ਗ੍ਰਾਫੀਕਲ ਪੇਸ਼ਕਾਰੀ ਲਈ ਵਰਤਿਆ ਜਾਂਦਾ ਉਪਯੋਗੀ ਟੂਲ ਹੈ।
   ੳ. ਡਾਟਾ ਵੈਲੀਡੇਸ਼ਨ ਅ. ਕੰਡੀਸ਼ਨਲ ਫਾਰਮੈਟਿੰਗ **ੲ. ਚਾਰਟਸ (Charts)** ਸ. ਇਹਨਾਂ ਵਿੱਚੋਂ ਕੋਈ ਨਹੀਂ

### ਪ੍ਰਸ਼ਨ:2 ਸਹੀ ਜਾਂ ਗਲਤ ਲਿਖੋ:

1. ਕੀਬੋਰਡ ਤੋਂ Ctrl ਅਤੇ + ਕੀਅ ਦੀ ਵਰਤੋਂ ਕਰਕੇ ਨਵਾਂ ਸੈੱਲ, ਰੋਅ ਜਾਂ ਕਾਲਮ ਦਾਖ਼ਲ ਕੀਤਾ ਜਾ ਸਕਦਾ ਹੈ। **ਸਹੀ**
2. SUM ਅਤੇ MIN ਐੱਮ. ਐੱਸ. ਐਕਸਲ ਵਿੱਚ ਚਾਰਟ ਦੀਆਂ ਕਿਸਮਾਂ ਦੀਆਂ ਉਦਾਹਰਣਾਂ ਹਨ। **ਗਲਤ**
3. ਸੈੱਲ ਬਾਰਡਰ, ਸੈੱਲ ਦੀ ਚੌੜਾਈ ਜਾਂ ਉਚਾਈ ਬਦਲਣਾ, ਸੈੱਲਾਂ ਨੂੰ ਮਰਜ਼ ਕਰਨਾ, ਟੈਕਸਟ ਨੂੰ ਅਲਾਈਨ (Align) ਕਰਨਾ, ਟੈਕਸਟ ਦੀ ਦਿਸ਼ਾ ਬਦਲਣਾ, ਟੈਕਸਟ ਨੂੰ ਰੈਪ (Wrap) ਕਰਨਾ ਆਦਿ ਸੈੱਲ ਸਟਾਈਲ ਦੀਆਂ ਉਦਾਹਰਣਾਂ ਹਨ। **ਸਹੀ**
4. ਕੰਡੀਸ਼ਨਲ ਫਾਰਮੈਟਿੰਗ ਐੱਮ. ਐੱਸ. ਐਕਸਲ ਦਾ ਇੱਕ ਟੂਲ/ਕਮਾਂਡ ਹੈ ਜੋ ਮੁੱਲ ਦੇ ਅਧਾਰ ਤੇ ਸੈੱਲਾਂ ਦੀ ਰੇਜ਼ ਵਿੱਚ ਫਾਰਮੈਟ ਲਾਗੂ ਕਰਨ ਲਈ ਵਰਤਿਆ ਜਾਂਦਾ ਹੈ। **ਸਹੀ**
5. ਫਾਰਮੈਟਿੰਗ ਆਪਸ਼ਨਜ ਡਾਟਾ ਤੋਂ ਜਾਣਕਾਰੀ ਨੂੰ ਦਰਸਾਉਣ ਲਈ ਬਹੁਤ ਪ੍ਰਭਾਵਸ਼ਾਲੀ ਹਨ। **ਸਹੀ**

### ਪ੍ਰਸ਼ਨ :3 ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**ਪ੍ਰਸ਼ਨ:1 ਫਾਰਮੈਟਿੰਗ ਤੋਂ ਤੁਹਾਡਾ ਕੀ ਭਾਵ ਹੈ?**

ਉੱਤਰ: ਫਾਰਮੈਟਿੰਗ ਇਕ ਅਜਿਹਾ ਪ੍ਰੋਸੈਸ ਹੈ ਜਿਸਦੀ ਵਰਤੋਂ ਡਾਟਾ ਦੀ ਦਿੱਖ ਵਿੱਚ ਤਬਦੀਲੀ ਕਰਨ ਲਈ ਕੀਤੀ ਜਾਂਦੀ ਹੈ। ਫਾਰਮੈਟਿੰਗ ਕਰਨ ਨਾਲ ਸਾਡਾ ਡਾਟਾ ਵਧੇਰੇ ਪੜ੍ਹਨਯੋਗ ਬਣ ਜਾਂਦਾ ਹੈ। ਅਸੀਂ ਡਾਟਾ ਨੂੰ ਕਈ ਤਰੀਕਿਆਂ ਨਾਲ ਫਾਰਮੈਟ ਕਰ ਸਕਦੇ ਹਾਂ। ਐਕਸਲ ਵਿੱਚ ਬਹੁਤ ਸਾਰੇ ਅਜਿਹੇ ਟੂਲ ਹਨ ਜੋ ਟੈਕਸਟ ਅਤੇ ਸੈੱਲਾਂ ਨੂੰ ਫਾਰਮੈਟ ਕਰਨ ਲਈ ਵਰਤੇ ਜਾ ਸਕਦੇ ਹਨ। ਉਦਾਹਰਣ ਲਈ: ਟੈਕਸਟ ਅਤੇ ਸੈੱਲਾਂ ਦਾ ਰੰਗ ਅਤੇ ਸਟਾਈਲ ਬਦਲਣਾ, ਟੈਕਸਟ ਨੂੰ ਅਲਾਈਨ ਕਰਨਾ, ਨੰਬਰਾਂ ਅਤੇ ਮਿਤੀਆਂ ਨੂੰ ਫਾਰਮੈਟ ਕਰਨਾ ਆਦਿ।


**ਪ੍ਰਸ਼ਨ:2 ਸੈੱਲ ਸਟਾਈਲ ਦੇ ਤੌਰ ਤੇ ਕਿਸ ਕਿਸਮ ਦੀ ਫਾਰਮੈਟਿੰਗ ਵਰਤੀ ਜਾ ਸਕਦੀ ਹੈ?**

ਉੱਤਰ: ਸੈੱਲ ਸਟਾਈਲ ਦੇ ਤੌਰ ਤੇ ਹੇਠਾਂ ਦਿਤੀਆਂ ਵੱਖ-ਵੱਖ ਕਿਸਮਾਂ ਦੀ ਫਾਰਮੈਟਿੰਗ ਕੀਤੀ ਜਾ ਸਕਦੀ ਹੈ:

1. ਸੈੱਲ ਬਾਰਡਰ ਸੈਟ ਕਰਨਾ
2. ਟੈਕਸਟ ਨੂੰ ਅਲਾਈਨ ਕਰਨਾ
3. ਟੈਕਸਟ ਦੀ ਦਿਸ਼ਾ (Text Orientation) ਬਦਲਣਾ
4. ਰੈਪਿੰਗ (Wrapping) ਟੈਕਸਟ
5. ਨੰਬਰ ਫਾਰਮੈਟ ਲਾਗੂ ਕਰਨਾ

**ਪ੍ਰਸ਼ਨ:3 ਮਰਜਿੰਗ ਸੈੱਲ ਤੋਂ ਤੁਹਾਡਾ ਕੀ ਭਾਵ ਹੈ?**


ਉੱਤਰ: ਮਰਜਿੰਗ ਸੈੱਲਜ਼ ਦਾ ਮਤਲਬ ਹੈ ਦੋ ਜਾਂ ਦੋ ਤੋਂ ਵੱਧ ਸੈੱਲਾਂ ਨੂੰ ਜੋੜ ਕੇ ਇੱਕ ਸੈੱਲ ਬਣਾਉਣਾ। ਐਕਸਲ ਵਿੱਚ ਅਸੀਂ ਜਿੰਨ੍ਹੇ ਮਰਜੀ ਸੈੱਲਾਂ ਨੂੰ ਮਰਜ ਕਰ ਸਕਦੇ ਹਾਂ। ਨਾਲ ਲੱਗਦੇ ਸਿਲੇਕੇਟ ਕੀਤੇ ਗਏ ਸੈੱਲਾਂ ਨੂੰ ਮਰਜ ਕਰਨ ਲਈ ਅਸੀਂ ਐਕਸਲ ਦੀ Home ਟੈਬ ਵਿੱਚ ਉਪਲਬਧ 'Merge & Center' ਆਪਸ਼ਨ ਦੀ ਵਰਤੋਂ ਕਰ ਸਕਦੇ ਹਾਂ।




**ਪ੍ਰਸ਼ਨ:4 ਅਲਾਈਨਮੈਂਟ ਅਤੇ ਇਸ ਦੀਆਂ ਕਿਸਮਾਂ ਦੀ ਵਿਆਖਿਆ ਕਰੋ।**

ਉੱਤਰ: ਅਲਾਈਨਮੈਂਟ ਸੈੱਲਾਂ ਲਈ ਇਕ ਫਾਰਮੈਟਿੰਗ ਸਟਾਈਲ ਹੈ। ਇਸਦੀ ਵਰਤੋਂ ਇਹ ਦੱਸਣ ਲਈ ਕੀਤੀ ਜਾਂਦੀ ਹੈ ਕਿ ਟੈਕਸਟ ਨੂੰ ਸੈੱਲ ਵਿੱਚ ਕਿਵੇਂ ਰੱਖਿਆ ਜਾਂਦਾ ਹੈ। ਸੈੱਲ ਦੇ ਟੈਕਸਟ ਨੂੰ ਲੇਟਵੀਂ ਅਤੇ ਖੜ੍ਹਵੀਂ ਦਿਸ਼ਾ ਵਿਚ ਅਲਾਈਨ ਕੀਤਾ ਜਾ ਸਕਦਾ ਹੈ। ਐਕਸਲ ਦੇ Home ਟੈਬ ਵਿੱਚ Alignment ਸਮਬੰਧੀ ਆਪਸ਼ਨਾਂ ਉਪਲਬਧ ਹਨ। ਇੱਕ ਸੈੱਲ ਵਿੱਚ ਡਾਟਾ ਨੂੰ ਲੇਟਵੀਂ ਦਿਸ਼ਾ ਵਿਚ ਅਲਾਈਨ ਕਰਨ ਲਈ ਅਸੀਂ ਲੈਫਟ ਅਲਾਈਨ, ਸੈਂਟਰ ਅਲਾਈਨ ਅਤੇ ਰਾਈਟ ਅਲਾਈਨ ਆਪਸ਼ਨਾਂ ਦੀ ਵਰਤੋਂ ਕਰ ਸਕਦੇ ਹਾਂ, ਜਦੋਂ ਕਿ ਖੜ੍ਹਵੀਂ ਅਲਾਈਨਮੈਂਟ ਲਈ ਅਸੀਂ ਟਾਪ, ਮਿਡਲ ਅਤੇ ਬੌਟਮ ਅਲਾਈਨ ਆਪਸ਼ਨਾਂ ਦੀ ਵਰਤੋਂ ਕਰ ਸਕਦੇ ਹਾਂ।

**ਪ੍ਰਸ਼ਨ:5 ਚਾਰਟਸ ਕੀ ਹੁੰਦੇ ਹਨ?**




ਉੱਤਰ: ਚਾਰਟ ਐਕਸਲ ਦੀ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਹੈ। ਡਾਟਾ ਨੂੰ ਗ੍ਰਾਫਿਕਲ ਰੂਪ ਵਿੱਚ ਦਰਸਾਉਣ ਲਈ ਚਾਰਟ ਦੀ ਵਰਤੋਂ ਕੀਤੀ ਜਾਂਦੀ ਹੈ। ਡਾਟਾ ਨੂੰ ਵਧੀਆ ਤਰੀਕੇ ਨਾਲ ਸਮਝਣ ਲਈ ਚਾਰਟ ਬਹੁਤ ਲਾਭਦਾਇਕ ਹੁੰਦੇ ਹਨ। ਮੁੱਲਾਂ ਦੀ ਤੁਲਨਾ ਕਰਨ ਲਈ ਜਾਂ ਡਾਟਾ ਵਿੱਚ ਰੁਝਾਨ ਦਿਖਾਉਣ ਲੀ ਚਾਰਟ ਸਭ ਤੋਂ ਵਧੀਆ ਤਰੀਕਾ ਹੁੰਦੇ ਹਨ। ਅਸੀਂ ਐਕਸਲ ਵਿੱਚ ਕਈ ਤਰ੍ਹਾਂ ਦੇ ਚਾਰਟ ਬਣਾ ਸਕਦੇ ਹਾਂ, ਜਿਵੇਂ: ਪਾਈ ਚਾਰਟ, ਕਾਲਮ ਚਾਰਟ, ਲਾਈਨ ਚਾਰਟ, ਬਾਰ ਚਾਰਟ, ਏਰੀਆ ਚਾਰਟ ਆਦਿ।


**ਪ੍ਰਸ਼ਨ:4 ਵੱਡੇ ਉੱਤਰਾਂ ਵਾਲੇ ਪ੍ਰਸ਼ਨ:**

**ਪ੍ਰਸ਼ਨ:1 ਕੰਡੀਸ਼ਨਲ ਫਾਰਮੈਟਿੰਗ ਕੀ ਹੈ? ਇਸ ਦੀਆਂ ਵੱਖ-ਵੱਖ ਆਪਸ਼ਨਜ ਦੀ ਵਿਆਖਿਆ ਕਰੋ।**

ਉੱਤਰ: ਕੰਡੀਸ਼ਨਲ ਫਾਰਮੈਟਿੰਗ ਐਕਸਲ ਦਾ ਇੱਕ ਮਹੱਤਵਪੂਰਨ ਟੂਲ ਹੈ। ਇਹ ਟੂਲ ਦਿੱਤੀ ਗਈ ਕੰਡੀਸ਼ਨ ਦੇ ਆਧਾਰ 'ਤੇ ਸੈੱਲਾਂ ਉਪਰ ਫਾਰਮੈਟਿੰਗ ਲਾਗੂ ਕਰਨ ਲਈ ਵਰਤਿਆ ਜਾਂਦਾ ਹੈ। ਸੈੱਲਾਂ ਉਪਰ ਫਾਰਮੈਟਿੰਗ ਉਸ ਸਮੇਂ ਹੀ ਲਾਗੂ ਹੋਵੇਗੀ ਜਦੋਂ ਸੈੱਲ ਵਿਚਲਾ ਡਾਟਾ ਕੰਡੀਸ਼ਨਲ ਫਾਰਮੈਟਿੰਗ ਵਿੱਚ ਦਿਤੀ ਗਈ ਕੰਡੀਸ਼ਨ ਨਾਲ ਮੇਲ ਖਾਂਦਾ ਹੋਵੇ। ਕੰਡੀਸ਼ਨਲ ਫਾਰਮੈਟਿੰਗ ਆਪਸ਼ਨ Home ਟੈਬ ਵਿੱਚ ਉਪਲਬਧ ਹੈ। ਕੰਡੀਸ਼ਨਲ ਫਾਰਮੈਟਿੰਗ ਦੀਆਂ ਕੁਝ ਆਮ ਆਪਸ਼ਨਾਂ ਹੇਠਾਂ ਦਿਤੀਆਂ ਗਈਆਂ ਹਨ:

1. **Highlight Cell Rules:** ਜਿਵੇਂ ਕਿ Greater Than, Less Than, Between, Equal to, Duplicate Values ਆਦਿ।
2. **Top/Bottom Rules:** ਜਿਵੇਂ Top 10 Items, Bottom 10 Items, Above average ਆਦਿ।
3. **New Rule:** ਇਸ ਆਪਸ਼ਨ ਦੀ ਵਰਤੋਂ ਕਰਕੇ ਅਸੀਂ ਕੰਡੀਸ਼ਨਲ ਫਾਰਮੈਟਿੰਗ ਲਈ ਨਵਾਂ ਨਿਯਮ ਵੀ ਬਣਾ ਸਕਦੇ ਹਾਂ।
4. **Clear Rules:** ਇਸ ਆਪਸ਼ਨ ਦੀ ਵਰਤੋਂ ਕਰਕੇ ਅਸੀਂ ਸੈੱਲਾਂ ਉਪਰ ਪਰਿਭਾਸ਼ਿਤ ਫਾਰਮੈਟਿੰਗ ਨਿਯਮਾਂ ਨੂੰ ਕਲੀਅਰ ਕਰ ਸਕਦੇ ਹਾਂ।
5. **Manage Rules:** ਇਸ ਆਪਸ਼ਨ ਦੀ ਵਰਤੋਂ ਕਰਕੇ ਸੈੱਲਾਂ 'ਤੇ ਪਹਿਲਾਂ ਤੋਂ ਲਾਗੂ ਫਾਰਮੈਟਿੰਗ ਨਿਯਮਾਂ ਨੂੰ ਐਡਿਟ ਕਰ ਸਕਦੇ ਹਾਂ।

**ਪ੍ਰਸ਼ਨ:2 ਚਾਰਟਸ ਕੀ ਹਨ? ਕਿਸੇ ਪੰਜ ਕਿਸਮਾਂ ਦੇ ਚਾਰਟਸ ਦੇ ਨਾਂ ਲਿਖੋ।**




ਉੱਤਰ: ਚਾਰਟ ਐਕਸਲ ਦੀ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਹੈ। ਡਾਟਾ ਨੂੰ ਗ੍ਰਾਫਿਕਲ ਰੂਪ ਵਿੱਚ ਦਰਸਾਉਣ ਲਈ ਚਾਰਟ ਦੀ ਵਰਤੋਂ ਕੀਤੀ ਜਾਂਦੀ ਹੈ। ਡਾਟਾ ਨੂੰ ਵਧੀਆ ਤਰੀਕੇ ਨਾਲ ਸਮਝਣ ਲਈ ਚਾਰਟ ਬਹੁਤ ਲਾਭਦਾਇਕ ਹੁੰਦੇ ਹਨ। ਮੁੱਲਾਂ ਦੀ ਤੁਲਨਾ ਕਰਨ ਲਈ ਜਾਂ ਡਾਟਾ ਵਿੱਚ ਰੁਝਾਨ ਦਿਖਾਉਣ ਲੀ ਚਾਰਟ ਸਭ ਤੋਂ ਵਧੀਆ ਤਰੀਕਾ ਹੁੰਦੇ ਹਨ। ਅਸੀਂ ਐਕਸਲ ਵਿੱਚ ਕਈ ਤਰ੍ਹਾਂ ਦੇ ਚਾਰਟ ਬਣਾ ਸਕਦੇ ਹਾਂ, ਜਿਵੇਂ ਕਿ:

- ਪਾਈ ਚਾਰਟ
- ਕਾਲਮ ਚਾਰਟ
- ਲਾਈਨ ਚਾਰਟ
- ਬਾਰ ਚਾਰਟ
- ਏਰੀਆਂ ਚਾਰਟ ਆਦਿ।

**ਪ੍ਰਸ਼ਨ:3 ਐੱਮ. ਐੱਸ. ਐਕਸਲ ਵਿੱਚ ਦਾਖਲ ਕੀਤੇ ਜਾ ਸਕਣ ਵਾਲੇ ਕਿਸੇ ਤਿੰਨ ਆਬਜੈਕਟਸ (Objects) ਦੀ ਵਿਆਖਿਆ ਕਰੋ।**

ਉੱਤਰ: ਐਕਸਲ ਵਰਕਸ਼ੀਟ ਵਿੱਚ ਕਈ ਤਰ੍ਹਾਂ ਦੇ ਆਬਜੈਕਟਸ ਦਾਖਲ ਕੀਤੇ ਜਾ ਸਕਦੇ ਹਨ। ਉਹਨਾਂ ਵਿੱਚੋਂ ਕੁਝ ਦੀ ਵਿਆਖਿਆ ਹੇਠਾਂ ਦਿੱਤੀ ਗਈ ਹੈ:

1. **ਰੋਅਜ਼ ਨੂੰ ਦਾਖਲ ਕਰਨਾ:** ਵਰਕਸ਼ੀਟ ਵਿੱਚ ਸੈੱਲਾਂ ਦੀਆਂ ਲੇਟਵੀਆਂ ਲਾਈਨਾਂ ਨੂੰ ਰੋਅਜ਼ ਕਿਹਾ ਜਾਂਦਾ ਹੈ। ਅਸੀਂ ਸ਼ੀਟ ਵਿੱਚ ਆਸਾਨੀ ਨਾਲ ਨਵੀਆਂ ਰੋਅਜ਼ ਦਾਖਲ ਕਰ ਸਕਦੇ ਹਾਂ। ਨਵੀਂ ਰੋਅ ਦਾਖਲ ਕਰਨ ਲਈ Home ਟੈਬ ਰਿਬਨ ਤੋਂ Insert → "Insert sheet rows" ਉਪਰ ਕਲਿੱਕ ਕਰੋ।
2. **ਕਾਲਮ ਨੂੰ ਦਾਖਲ ਕਰਨਾ:** ਵਰਕਸ਼ੀਟ ਵਿੱਚ ਸੈੱਲਾਂ ਦੀਆਂ ਖੜਵੀਆਂ ਲਾਈਨਾਂ ਨੂੰ ਕਾਲਮ ਕਿਹਾ ਜਾਂਦਾ ਹੈ। ਅਸੀਂ ਸ਼ੀਟ ਵਿੱਚ ਆਸਾਨੀ ਨਾਲ ਨਵਾਂ ਕਾਲਮ ਦਾਖਲ ਕਰ ਸਕਦੇ ਹਾਂ। ਨਵਾਂ ਕਾਲਮ ਦਾਖਲ ਕਰਨ ਲਈ Home ਟੈਬ ਰਿਬਨ ਤੋਂ Insert → "Insert sheet columns" ਉਪਰ ਕਲਿੱਕ ਕਰੋ।
3. **ਚਾਰਟ ਦਾਖਲ ਕਰਨਾ:** ਡਾਟਾ ਨੂੰ ਗ੍ਰਾਫਿਕਲ ਰੂਪ ਵਿੱਚ ਦਰਸਾਉਣ ਲਈ ਚਾਰਟ ਦੀ ਵਰਤੋਂ ਕੀਤੀ ਜਾਂਦੀ ਹੈ। ਐਕਸਲ ਵਿੱਚ ਵੱਖ-ਵੱਖ ਤਰ੍ਹਾਂ ਦੇ ਚਾਰਟ ਆਸਾਨੀ ਨਾਲ ਬਣਾਏ ਜਾ ਸਕਦੇ ਹਨ, ਜਿਵੇਂ ਕਿ: ਬਾਰ, ਕਾਲਮ, ਪਾਈ, ਲਾਈਨ, ਏਰੀਆ, ਡੋਨਟ, ਸਕੈਟਰ, ਸਰਫੇਸ ਚਾਰਟ ਆਦਿ। ਐਕਸਲ ਵਿੱਚ ਚਾਰਟ ਬਣਾਉਣ ਲਈ Insert ਟੈਬ ਦੀ ਵਰਤੋਂ ਕੀਤੀ ਜਾਂਦੀ ਹੈ।

